Phone : 0181-2452911

# ਗੌਰਮਿੰਟ ਕਾਲਜ ਆਫ ਐਜੂਕੇਸ਼ਨ, ਜਲੰਧਰ ਸ਼ਹਿਰ।

## (Govt. College of Education, Jalandhar.)

Ref. No. 131 Dated 18-2-2020

### ਕੁਇਜ਼ ਕੰਪੀਟੀਸ਼ਨ ਸਬੰਧੀ ਰਿਪੋਰਟ

ਸਰਕਾਰੀ ਕਾਲਜ ਆਫ ਐਜੂਕੇਸ਼ਨ ਜਲੰਧਰ ਵਿਖੇ ਮਿਤੀ 13.02.20 ਨੂੰ **ਏਕ ਭਾਰਤ ਸਰੇਸ਼ਟ ਭਾਰਤ** ਅਧੀਨ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਨੂੰ ਆਂਧਰਾ ਪ੍ਰਦੇਸ਼ ਦੀ ਹਿਸਟਰੀ ਜੌਗਰਫੀ, ਸਭਿਆਚਾਰ, ਪੋਲਟਿਕਸ ਅਤੇ ਸਮਾਨ ਗਿਆਨ ਸਬੰਧੀ ਜਾਣਕਾਰੀ ਇਕਤਰਿਤ ਕਰਵਾਉਣਾ ਸੀ।

ਇਸ ਕੁਇਜ਼ ਵਿਚ ਬੀ.ਐਡ ਸਮੈਸਟਰ ਦੂਜਾ, ਚੌਥਾ ਅਤੇ ਐਮ.ਐਡ ਸਮੈਸਟਰ ਦੂਜਾ ਅਤੇ ਚੌਥਾ ਦੇ ਵਿਦਿਆਰਥੀਆਂ ਦੀਆਂ ਕੁਲ ਚਾਰ ਟੀਮਾਂ ਬਣਾਈਆਂ ਗਈਆਂ। ਇਸ ਕੁਇਜ਼ ਦੇ ਪੰਜ ਰਾਉਂਡ ਬਣਾਏ ਗਏ। ਇਹਨਾਂ ਰਾਊਂਡਜ ਦੇ ਵਿਚ ਹਰ ਟੀਮ ਨੂੰ ਅੱਠ ਅੱਠ ਪ੍ਰਸ਼ਨ ਪੁੱਛੇ ਗਏ। ਵਿਦਿਆਰਥੀਆਂ ਨੇ ਇਸ ਕੁਇਜ਼ ਲਈ ਬਹੁਤ ਵਧੀਆ ਤਿਆਰੀ ਕੀਤੀ ਹੋਈ ਸੀ। ਹਰ ਪ੍ਰਸ਼ਨ ਨੂੰ ਸਮਾਰਟ ਬੋਰਡ ਦੇ ਉੱਪਰ ਵੀ ਡਿਸਪਲੇ ਕੀਤਾ ਗਿਆ ਤਾਂ ਕਿ ਵਿਦਿਆਰਥੀਆਂ ਨੂੰ ਪੁੱਛੇ ਗਏ ਪ੍ਰਸ਼ਨਾਂ ਸਬੰਧੀ ਕੋਈ ਗਲਤੀ ਨਾ ਰਹੇ।

ਫਸਟ ਆਉਣ ਵਾਲੀ ਟੀਮ ਨੂੰ ਇਨਾਮ ਅਤੇ ਸਰਟੀਫਿਕੇਟ ਵੰਡੇ ਗਏ ਅਤੇ ਭਾਗ ਲੈਣ ਵਾਲੇ ਅਤੇ ਕੁਇਜ਼ ਔਰਗੇਨਾਈਜ਼ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਰਟੀਫਿਕੇਟ ਦਿੱਤੇ ਗਏ।

ਇਸ ਸਮੇਂ ਮੈਡਮ ਪ੍ਰਿੰਸੀਪਲ ਡਾ: ਜਸਵਿੰਦਰ ਕੌਰ ਨੇ ਕਿਹਾ ਕਿ ਇਹ ਕੁਇਜ਼ **ਵਿਵਧਤਾ ਵਿਚ ਏਕਤਾ** ਦਾ ਉੱਤਮ ਉਦਾਹਰਣ ਹੈ ਅਤੇ ਇਸ ਤਰ੍ਹਾਂ ਦਾ ਜੋਸ਼ ਸਾਰੇ ਵਿਦਿਆਰਥੀਆਂ ਵਿਚ ਹੋਣਾ ਚਾਹੀਦਾ ਹੈ। ਇਸ ਸਮੇਂ ਡਾ: ਮੀਨਾਕਸ਼ੀ, ਸ੍ਰੀ ਮੰਗਤ ਰਾਮ ,ਸ੍ਰੀਮਤੀ ਗੁਰਵਿੰਦਰ ਕੌਰ,ਸ੍ਰੀਮਤੀ ਜਗਜੀਤ ਕੌਰ, ਸ੍ਰੀਮਤੀ ਮਨਜੀਤ ਸੈਣੀ, ਸ੍ਰੀਮਤੀ ਕਮਲੇਸ਼ ਸਰਮਾ, ਸ੍ਰੀਮਤੀ ਪ੍ਰਿਅੰਕਾ, ਸ੍ਰੀਮਤੀ ਪ੍ਰਭਦੀਪ ਕੌਰ, ਸ੍ਰੀਮਤੀ ਰੀਤਿਕਾ ਅਤੇ ਸ੍ਰੀ ਵਿਨੋਦ ਕੁਮਾਰ ਸ਼ਾਮਲ ਸਨ।

ਜਸਵਿੰਦਰ ਕੌਰ

ਪ੍ਰਿੰਸੀਪਲ
ਸਰਕਾਰੀ ਕਾਲਜ ਆਫ ਐਜੂਕੇਸ਼ਨ
ਜਲੰਧਰ।